General Certificate of Education
Advanced Level Examination
June 2015

# Panjabi

# PANJ2

**Unit 2 Reading and Writing**

# Insert

**Section 3 Writing Questions 3, 4, 5 and 6**

A

## Section 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

### Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ
**(The British – Panjabi Short Story)**

**Question 3**

**Either**

**3 (a)** ਇੱਕ ਕਹਾਣੀ ਦੇ ਵਧੀਆ ਹੋਣ ਦੇ ਸਾਹਿਤਕ ਸਬੂਤ ਕੀ ਹਨ? ਜਿਹੜੀ ਕਹਾਣੀਆਂ ਦੀ ਕਿਤਾਬ ਤੁਸੀਂ ਪੜ੍ਹੀ ਹੈ ਉਸ ਵਿਚਲੀਆਂ ਕਿਸੇ ਦੋ ਕਹਾਣੀਆਂ ਵਿੱਚ ਇਹ ਸਬੂਤ ਕਿੱਥੋਂ ਤੱਕ ਪਾਏ ਜਾਂਦੇ ਹਨ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

**[30 marks]**

**or**

**3 (b)** ਇੱਕ ਚੰਗੀ ਕਹਾਣੀ ਪੜ੍ਹ ਕੇ ਪਾਠਕ ਮਨੋਰੰਜਨ ਦੇ ਨਾਲ ਨਾਲ ਜ਼ਿੰਦਗੀ ਦੇ ਮਹੱਤਵਪੂਰਣ ਤਜਰਬੇ ਵੀ ਪ੍ਰਾਪਤ ਕਰ ਸਕਦੇ ਹਨ। ਜਿਹੜਾ ਵੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਵਿੱਚ ਪੜ੍ਹੀਆਂ ਦੋ ਕਹਾਣੀਆਂ ਵਿੱਚੋਂ ਪਾਠਕ ਜ਼ਿੰਦਗੀ ਦੇ ਕਿਹੜੇ ਮਹੱਤਵਪੂਰਣ ਤਜਰਬੇ ਪ੍ਰਾਪਤ ਕਰ ਸਕਦੇ ਹਨ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

**[30 marks]**

## Topic 2

## ਪੰਜਾਬੀ ਨਾਵਲ

**(The Panjabi Novel)**

**Question 4**

**Either**

**4 (a)** ਉਹ ਕਿਹੜੀਆਂ ਚੀਜ਼ਾਂ ਹਨ ਜੋ ਪਾਠਕ ਦੀ ਨਾਵਲ ਵਿੱਚ ਦਿਲਚਸਪੀ ਘਟਾਉਂਦੀਆਂ ਹਨ ? ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਲੇਖਕ ਨੇ ਪਾਠਕ ਦੀ ਦਿਲਚਸਪੀ ਬਣਾਏ ਰੱਖਣ ਲਈ ਕਿਹੜੇ ਕਿਹੜੇ ਢੰਗ ਵਰਤੇ ਹਨ ? ਉਦਾਹਰਣਾਂ ਦਿੰਦੇ ਹੋਏ ਇੱਕ ਲੇਖ ਲਿਖੋ ।

**[30 marks]**

**or**

**4 (b)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚੋਂ ਕਿਹੜੇ ਪਾਤਰ ਨੂੰ ਤੁਸੀਂ ਆਪਣਾ ਰੋਲ-ਮਾਡਲ ਸਮਝਦੇ ਹੋ ਅਤੇ ਕਿਉਂ ? ਇਸ ਪਾਤਰ ਦੇ ਜੀਵਨ ਤੋਂ ਤੁਸੀਂ ਕੀ ਸਿੱਖ ਸਕਦੇ ਹੋ ? ਇਸ ਪਾਤਰ ਦੀ ਜ਼ਿੰਦਗੀ ਨਾਲ ਸਬੰਧਿਤ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ ।

**[30 marks]**

## Non-Literary Topics

## Topic 1

## 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ

**(Socio-Economic Study of the Panjab (India) Since 1947)**

**Question 5**

**Either**

**5 (a)** ਹੁਣ ਪੰਜਾਬ ਦੀ ਮਾਂ-ਖੇਡ ਕਬੱਡੀ ਦੇ ਓਲੰਪਿਕ ਵਿੱਚ ਸ਼ਾਮਲ ਕਰਨ ਦੇ ਪੂਰੇ ਆਸਾਰ ਨਜ਼ਰ ਆ ਰਹੇ ਹਨ ? ਕਬੱਡੀ ਦੇ ਚੌਥੇ ਪਰਲਜ਼ ਵਰਲਡ ਕੱਪ 2013 ਦੀ ਸਫਲਤਾ ਨੂੰ ਮੁੱਖ ਰੱਖਦੇ ਹੋਏ ਇੱਕ ਜਾਣਕਾਰੀ ਭਰਪੂਰ ਲੇਖ ਲਿਖੋ ।

**[30 marks]**

**or**

**5 (b)** ਭਰੂਣ-ਹੱਤਿਆ ਪੰਜਾਬੀਆਂ ਦੇ ਮੱਥੇ ਤੇ ਲੱਗਿਆ ਉਹ ਕਲੰਕ ਹੈ ਜਿਸ ਨੂੰ ਲਾਹੁਣ ਤੋਂ ਉਹ ਅਜੇ ਮੀਲਾਂ ਦੂਰ ਹਨ । ਤੁਹਾਡੇ ਖਿਆਲ ਵਿੱਚ ਭਰੂਣ-ਹੱਤਿਆ ਦੇ ਪਿੱਛੇ ਕਿਹੜੀਆਂ ਸਮਾਜਿਕ ਬੁਰਾਈਆਂ ਦਾ ਹੱਥ ਹੈ ? ਭਰੂਣ-ਹੱਤਿਆ ਵਰਗੀ ਭੈੜੀ ਸਮੱਸਿਆ ਨੂੰ ਜੜ੍ਹ ਤੋਂ ਪੁੱਟ ਸੁੱਟਣ ਲਈ ਕੀ ਕਰਨ ਦੀ ਲੋੜ ਹੈ ? ਇੱਕ ਜਾਣਕਾਰੀ ਭਰਪੂਰ ਲੇਖ ਲਿਖੋ ।

**[30 marks]**

**Turn over ▶**

## Topic 2

## ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ

**(The Panjabi Community in India and Abroad)**

**Question 6**

**Either**

**6 (a)** ਬਰਤਾਨੀਆ ਵਿੱਚ ਰਹਿ ਰਹੇ ਆਮ ਪੰਜਾਬੀ ਉੱਚੀ ਵਿਦਿਆ ਪ੍ਰਾਪਤ ਕਰਨ ਦੇ ਬਾਵਜੂਦ ਵੀ ਉੱਚੇ ਅਹੁਦੇ ਹਾਸਲ ਕਰਨ ਵਿੱਚ ਕਾਮਯਾਬ ਨਹੀਂ ਹੋ ਪਾਉਂਦੇ। ਤੁਹਾਡੇ ਵਿਚਾਰ ਅਨੁਸਾਰ ਉਹ ਕਿਹੜੀਆਂ ਰੁਕਾਵਟਾਂ ਹਨ ਜੋ ਉਹਨਾਂ ਦੇ ਰਸਤੇ ਵਿੱਚ ਆਉਂਦੀਆਂ ਹਨ ? ਤੁਸੀਂ ਪੰਜਾਬੀ ਲੋਕਾਂ ਨੂੰ ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਕੀ ਸਲਾਹ ਦਿਓਗੇ ?

**[30 marks]**

**or**

**6 (b)** ਬਰਤਾਨੀਆ ਵਿੱਚ ਪੰਜਾਬੀ ਤਿਉਹਾਰਾਂ ਦਾ ਪੰਜਾਬੀ ਸਭਿਆਚਾਰ ਤੇ ਵਿਰਸੇ ਨੂੰ ਜਿਉਂਦਾ ਰੱਖਣ ਵਿੱਚ ਕੀ ਯੋਗਦਾਨ ਹੈ ? ਜਿਹੜੇ ਤਿਉਹਾਰ ਤੁਹਾਡੇ ਪਰਿਵਾਰ ਤੇ ਭਾਈਚਾਰੇ ਵਿੱਚ ਮਨਾਏ ਜਾਂਦੇ ਹਨ, ਉਨ੍ਹਾਂ ਤੋਂ ਤੁਸੀਂ ਆਪਣੇ ਸਭਿਆਚਾਰ ਤੇ ਵਿਰਸੇ ਬਾਰੇ ਕੀ ਸਿੱਖਦੇ ਹੋ ? ਉਦਾਹਰਣਾਂ ਦਿੰਦੇ ਹੋਏ ਇੱਕ ਜਾਣਕਾਰੀ ਭਰਪੂਰ ਲੇਖ ਲਿਖੋ।

**[30 marks]**

**END OF QUESTIONS**

Copyright © 2015 AQA and its licensors. All rights reserved.